ਸਭਿਆਚਾਰਕ ਖੇਤਰ ਦੇ ਸਾਡੇ 49 ਸਾਥੀਆਂ ਦੇ ਖਿਲਾਫ਼ ਸਿਰਫ਼ ਇਸ ਲਈ ਐਫ਼ ਆਈ ਆਰ ਦਰਜ ਕੀਤੀ ਗਈ ਹੈ ਕਿਉਂਕਿ ਉਹਨਾਂ ਨੇ ਸਭਿਅਕ ਸਮਾਜ ਦੇ ਆਦਰਯੋਗ ਮੈਂਬਰ ਹੋਣ ਦੇ ਨਾਤੇ ਆਪਣੇ ਫ਼ਰਜ਼ ਨੂੰ ਨਿਭਾਇਆ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਇਕ ਪੱਤਰ ਲਿਖ ਕੇ ਭੀੜਤੰਤਰ ਬਾਰੇ ਆਪਣੀ ਚਿੰਤਾ ਦਾ ਇਜ਼ਹਾਰ ਕੀਤਾ ਹੈ। ਕੀ ਇਸ ਨੂੰ ਦੇਸ਼ਧ੍ਰੋਹ ਕਿਹਾ ਜਾ ਸਕਦਾ ਹੈ? ਜਾਂ ਕੀ ਇਹ ਕਚਹਿਰੀਆਂ ਦੀ ਕੁਵਰਤੋਂ ਕਰਕੇ ਨਾਗਰਿਕਾਂ ਦੀ ਆਵਾਜ਼ ਨੂੰ ਦਬਾਉਣ ਦੀ ਚਾਲ ਤਾਂ ਨਹੀਂ?

ਅਸੀਂ ਸਾਰੇ ਜੋ ਭਾਰਤ ਦੇ ਸਭਿਆਚਾਰਕ ਸਮਾਜ ਨਾਲ ਸੰਬੰਧ ਰੱਖਣ ਵਾਲੇ ਅਤੇ ਜ਼ਮੀਰ ਵਾਲੇ ਨਾਗਰਿਕ ਹਾਂ, ਇਸ ਕਿਸਮ ਦੀ ਪਰੇਸ਼ਾਨੀ ਦੀ ਨਿਖੇਧੀ ਕਰਦੇ ਹਾਂ। ਏਨਾ ਹੀ ਨਹੀਂ, ਅਸੀਂ ਆਪਣੇ ਸਾਥੀਆਂ ਵੱਲੋਂ ਪ੍ਰਧਾਨ ਮੰਤਰੀ ਨੂੰ ਲਿਖੇ ਖ਼ਤ ਦੇ ਇਕ-ਇਕ ਸ਼ਬਦ ਦਾ ਸਮਰਥਨ ਕਰਦੇ ਹਾਂ। ਇਸੇ ਆਸ਼ੇ ਨਾਲ ਅਸੀਂ ਉਸ ਪੱਤਰ ਨੂੰ ਦੋਬਾਰਾ ਸਾਂਝਾ ਕਰ ਰਹੇ ਹਾਂ ਅਤੇ ਸਭਿਆਚਾਰ, ਅਕਾਦਮਿਕ ਤੇ ਕਾਨੂੰਨ ਦੇ ਖੇਤਰਾਂ ਨਾਲ ਜੁੜੇ ਸਾਰੇ ਸਮੂਹਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੀ ਇਸ ਖ਼ਤ ਨੂੰ ਵਧ ਤੋਂ ਵਧ ਲੋਕਾਂ ਤੱਕ ਪੁਚਾਉਣ। ਸਾਡੇ ਹੋਰ ਸਾਥੀ ਵੀ ਬੋਲਣਗੇ; ਭੀੜਤੰਤਰ ਵੱਲੋਂ ਲੋਕਾਂ ਨੂੰ ਕੁਚਲਨ ਦੇ ਵਿਰੁੱਧ, ਲੋਕਾਂ ਦੀ ਆਵਾਜ਼ ਨੂੰ ਦਬਾਉਣ ਦੇ ਖ਼ਿਲਾਫ਼ ਅਤੇ ਕਾਨੂੰਨ-ਵਿਵਸਥਾ ਦੀ ਦੁਰਵਰਤੋਂ ਕਰਕੇ ਲੋਕਾਂ ਨੂੰ ਪਰੇਸ਼ਾਨ ਕਰਨ ਦੇ ਵਿਰੁੱਧ।

---

23 ਜੁਲਾਈ 2019 ਨੂੰ 49 ਉਘੀਆਂ ਹਸਤੀਆਂ ਦਵਾਰਾ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੇ ਖੁਲ੍ਹੇ-ਪੱਤਰ ਦਾ ਮੂਲ ਪਾਠ। ਇਹਨਾਂ ਹਸਤੀਆਂ ਵਿਚ ਅਪਰਨਾ ਸੇਨ, ਅਦੂਰ ਗੋਪਾਲਕ੍ਰਿਸ਼ਨਨ, ਸ਼ਯਾਮ ਬੈਨੇਗਲ, ਅਨੁਰਾਗ ਕਸ਼ਯਪ, ਅਸ਼ੀਸ਼ ਨੰਦੀ ਅਤੇ ਰਾਮਚੰਦਰ ਗੁਹਾ ਸ਼ਾਮਲ ਹਨ।

ਅਮਨ-ਪਸੰਦ ਅਤੇ ਗੌਰਵਮਈ ਭਾਰਤੀ ਹੋਣ ਦੇ ਨਾਤੇ ਅਸੀਂ ਉਨ੍ਹਾਂ ਬਹੁਤ ਸਾਰੀਆਂ ਦੁਖਦਾਈ ਘਟਨਾਵਾਂ ਤੋਂ ਡੂੰਘੀ ਚਿੰਤਾ ਵਿਚ ਹਾਂ ਜਿਹੜੀਆਂ ਹਾਲ ਵਿਚ ਸਾਡੇ ਪਿਆਰੇ ਵਤਨ ਵਿਚ ਵਾਪਰੀਆਂ ਹਨ।

ਸਾਡੇ ਸੰਵਿਧਾਨ ਅਨੁਸਾਰ ਭਾਰਤ ਇਕ ਧਰਮ-ਨਿਰਪੱਖ, ਸਮਾਜਵਾਦੀ, ਲੋਕਤੰਤਰੀ ਗਣਰਾਜ ਹੈ ਜਿੱਥੇ ਸਾਰੇ ਧਰਮਾਂ, ਨਸਲਾਂ, ਲਿੰਗਾਂ (ਜੈਂਡਰ) ਅਤੇ ਜਾਤਾਂ ਦੇ ਲੋਕ ਬਰਾਬਰ ਹਨ। ਇਸ ਮੰਤਵ ਲਈ ਕਿ ਹਰ ਨਾਗਰਿਕ ਆਪਣੇ ਇਨ੍ਹਾਂ ਸੰਵਿਧਾਨਕ ਅਧਿਕਾਰਾਂ ਨੂੰ ਮਾਣ ਸਕੇ, ਸਾਡੀ ਬੇਨਤੀ ਹੈ ਕਿ:

1. ਭੀੜਾਂ ਦਵਾਰਾ ਮੁਸਲਮਾਨਾਂ, ਦਲਿਤਾਂ ਅਤੇ ਦੂਜੀਆਂ ਘੱਟ-ਗਿਣਤੀਆਂ ਨੂੰ ਕੁਚਲਣਾ ਅਤੇ ਮਾਰਨਾ ਹਰ ਹਾਲਤ ਵਿਚ ਬੰਦ ਕੀਤਾ ਜਾਵੇ। ਸਾਨੂੰ ਨੈਸ਼ਨਲ ਕਰਾਈਮ ਰਿਕਾਰਡ ਬਿਉਰੋ ਦੀ ਰਿਪੋਰਟ ਤੋਂ ਇਹ ਜਾਣ ਕੇ ਸਦਮਾ ਪਹੁੰਚਿਆ ਹੈ ਕਿ ਸਾਲ 2016 ਵਿਚ ਦਲਿਤਾਂ ਉੱਤੇ ਜ਼ਿਆਦਤੀਆਂ ਦੀਆਂ ਘੱਟੋ-ਘੱਟ 840 ਘਟਨਾਵਾਂ ਹੋਈਆਂ ਅਤੇ ਉਹਨਾਂ ਦੇ ਦੋਸ਼ੀਆਂ ਵਿਰੁੱਧ ਦੋਸ਼ ਸਾਬਤ ਕਰਨ ਦੀ ਦਰ ਵੀ ਨਿਸਚਿਤ ਤੌਰ ਤੇ ਘਟੀ ਹੈ।

ਇਵੇਂ ਹੀ 1 ਜਨਵਰੀ 2009 ਅਤੇ 29 ਅਕਤੂਬਰ 2018 ਦੇ ਦਰਮਿਆਨ ਧਾਰਮਿਕ ਪਛਾਣ ਦੇ ਆਧਾਰ 'ਤੇ ਕੀਤੇ ਗਏ ਨਫ਼ਰਤੀ ਅਪਰਾਧਾਂ ਦੀ ਗਿਣਤੀ 254 ਸੀ ਜਿਨ੍ਹਾਂ ਵਿਚ ਘੱਟੋ-ਘੱਟ 91 ਲੋਕ ਮਾਰੇ ਗਏ ਅਤੇ 579 ਜ਼ਖ਼ਮੀ ਹੋਏ। (FactCheacker.in data base, ਅਕਤੂਬਰ 30, 2018) 'ਦ ਸਿਟੀਜ਼ਨਜ਼ ਹੇਟ-ਕਰਾਈਮ ਵਾਚ' ਨੇ ਰਿਕਾਰਡ ਕੀਤਾ ਹੈ ਕਿ ਮੁਲਕ ਵਿਚ 14% ਆਬਾਦੀ ਵਾਲੇ ਮੁਸਲਮਾਨ 62% ਅਪਰਾਧਾਂ ਦੇ ਸ਼ਿਕਾਰ ਹੋਏ ਅਤੇ 2% ਅਬਾਦੀ ਵਾਲੇ ਈਸਾਈਆਂ ਨੂੰ 14% ਅਪਰਾਧ ਸਹਿਣੇ ਪਏ । ਇਨ੍ਹਾਂ ਸਾਰੇ ਹਮਲਿਆਂ ਵਿਚੋਂ ਲਗਪਗ 90% ਉਹ ਹਮਲੇ ਹਨ ਜਿਨ੍ਹਾਂ ਦੀ ਰੀਪੋਰਟ ਤੁਹਾਡੇ ਵੱਲੋਂ ਕੌਮੀ ਪੱਧਰ ਤੇ ਸਰਕਾਰ ਬਣਾਉਣ ਤੋਂ ਬਾਦ ਦਰਜ ਹੋਈ।

ਪ੍ਰਧਾਨ ਮੰਤਰੀ ਜੀ, ਤੁਸੀਂ ਸੰਸਦ ਵਿਚ ਭੀੜਾਂ ਵੱਲੋਂ ਕੁਚਲਣ ਵਾਲੀਆਂ ਇਨ੍ਹਾਂ ਘਟਨਾਵਾਂ ਦੀ ਨਿੰਦਾ ਕੀਤੀ ਹੈ ਪਰ ਇਹ ਕਾਫ਼ੀ ਨਹੀਂ। ਗੁੰਡਾਗਰਦਾਂ ਦੇ ਖ਼ਿਲਾਫ਼ ਕਿਹੜੀ ਕਾਰਵਾਈ ਕੀਤੀ ਗਈ ਹੈ? ਅਸੀਂ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਾਂ ਕਿ ਅਜਿਹੇ ਅਪਰਾਧਾਂ ਨੂੰ ਗ਼ੈਰ-ਜ਼ਮਾਨਤੀ ਦੋਸ਼ ਐਲਾਨਿਆਂ ਜਾਣਾ ਚਾਹੀਦਾ ਹੈ ਅਤੇ ਤੇਜ਼ੀ ਨਾਲ ਤੇ ਨਿਸਚਿਤਤਾ ਨਾਲ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਮਿਲਣੀ ਚਾਹੀਦੀ ਹੈ। ਜੇ ਕਤਲ ਦੇ ਕੇਸ ਵਿਚ ਪੈਰੋਲ ਤੋਂ ਬਿਨਾ ਆਜੀਵਨ ਕੈਦ ਦੀ ਸਜ਼ਾ ਹੋ ਸਕਦੀ ਹੈ ਤਾਂ ਭੀੜ ਦਵਾਰਾ ਕੁਚਲਣ ਦੇ ਕੇਸਾਂ ਵਿਚ ਕਿਉਂ ਨਹੀਂ ਜਿਹੜੇ ਕਿ ਜ਼ਿਆਦਾ ਘਿਨਾਉਣੇ ਅਪਰਾਧ ਹਨ?

ਅਫ਼ਸੋਸ ਦੀ ਗੱਲ ਹੈ ਕਿ ਅੱਜਕਲ੍ਹ 'ਜੈ ਸ੍ਰੀ ਰਾਮ' ਦਾ ਨਾਅਰਾ ਇਕ ਭੜਕਾਊ ਜੰਗੀ ਪੁਕਾਰ ਬਣ ਗਿਆ ਹੈ ਜੋ ਕਿ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਪੈਦਾ ਕਰ ਰਿਹਾ ਹੈ ਅਤੇ ਕੁਚਲਣ ਦੀਆਂ ਬਹੁਤ ਸਾਰੀਆਂ ਘਟਨਾਵਾਂ ਇਸੇ ਨਾਂ ਤੇ ਵਾਪਰ ਰਹੀਆਂ ਹਨ। ਧਰਮ ਦੇ ਨਾਂ 'ਤੇ ਏਨੀ ਹਿੰਸਾ ਹੈਰਾਨ ਕਰਨ ਵਾਲੀ ਹੈ। ਇਹ ਮੱਧ ਕਾਲ ਨਹੀਂ ਹੈ। ਰਾਮ ਦਾ ਨਾਂ ਭਾਰਤ ਦੀ ਬਹੁ-ਗਿਣਤੀ ਵਾਸਤੇ ਪਵਿਤਰਤਾ ਵਾਲਾ ਹੈ। ਦੇਸ਼ ਦੇ ਸਭ ਤੋਂ ਉੱਚੇ ਕਾਰਜਕਾਰੀ ਅਹੁਦੇ ਤੇ ਬਿਰਾਜਮਾਨ ਹੋਣ ਦੇ ਨਾਤੇ ਤੁਹਾਨੂੰ ਰਾਮ ਦੇ ਨਾਂ ਨੂੰ ਏਦਾਂ ਅਪਵਿੱਤਰ ਹੋਣ ਤੋਂ ਬੰਦ ਕਰਨਾ ਚਾਹੀਦਾ ਹੈ।

2. ਅਸਹਿਮਤੀ ਤੋਂ ਬਿਨਾ ਕੋਈ ਲੋਕਰਾਜ ਨਹੀਂ ਹੁੰਦਾ। ਸਰਕਾਰ ਨਾਲ ਅਸਹਿਮਤੀ ਹੋਣ 'ਤੇ ਲੋਕਾਂ ਨੂੰ 'ਰਾਸ਼ਟਰ-ਵਿਰੋਧੀ' ਜਾਂ 'ਅਰਬਨ ਨਕਸਲ' ਕਹਿ ਕੇ ਕੈਦ ਨਹੀਂ ਕਰਨਾ ਚਾਹੀਦਾ । ਭਾਰਤੀ ਸੰਵਿਧਾਨ ਦਾ ਆਰਟੀਕਲ 19 ਬੋਲਣ ਜਾਂ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਦਾ ਹੈ ਅਤੇ ਅਸਹਿਮਤੀ ਇਸ ਦਾ ਅਨਿੱਖੜ ਅੰਗ ਹੈ।

ਰਾਜ ਕਰ ਰਹੀ ਪਾਰਟੀ ਦੀ ਆਲੋਚਨਾ ਦਾ ਮਤਲਬ ਦੇਸ਼ ਦੀ ਆਲੋਚਨਾ ਨਹੀਂ ਹੈ; ਕਿਉਂਕਿ ਕੋਈ ਵੀ ਰਾਜ ਕਰ ਰਹੀ ਪਾਰਟੀ ਸਿਰਫ਼ ਪਾਰਟੀ ਹੁੰਦੀ ਹੈ, ਦੇਸ਼ ਨਹੀਂ ਹੁੰਦੀ। ਉਹ ਮੁਲਕ ਦੀਆਂ ਰਾਜਸੀ ਪਾਰਟੀਆਂ ਵਿੱਚੋਂ ਇਕ ਹੁੰਦੀ ਹੈ। ਇਸ ਲਈ ਸਰਕਾਰ ਵਿਰੋਧੀ ਕੋਈ ਵੀ ਕਥਨ ਦੇਸ਼-ਵਿਰੋਧ ਦੇ ਬਰਾਬਰ ਨਹੀਂ ਹੁੰਦਾ। ਰਾਸ਼ਟਰ ਕੇਵਲ ਐਸੇ ਖੁਲ੍ਹੇ-ਡੁਲ੍ਹੇ ਵਾਤਾਵਰਨ ਵਿਚ ਹੀ ਮਜ਼ਬੂਤ ਹੁੰਦਾ ਹੈ ਜਿੱਥੇ ਅਸਹਿਮਤੀ ਨੂੰ ਕੁਚਲਿਆ ਨਾ ਜਾਵੇ।

ਸਾਨੂੰ ਉਮੀਦ ਹੈ ਕਿ ਸਾਡੇ ਸੁਝਾਵਾਂ ਨੂੰ ਉਸੇ ਭਾਵਨਾ ਨਾਲ ਲਿਆ ਜਾਵੇਗਾ ਜਿਸ ਭਾਵਨਾ ਨਾਲ ਇਹ ਉਹਨਾਂ ਭਾਰਤੀਆਂ ਵੱਲੋਂ ਪੇਸ਼ ਕੀਤੇ ਗਏ ਹਨ ਜਿਨ੍ਹਾਂ ਨੂੰ ਆਪਣੇ ਮੁਲਕ ਦੀ ਹੋਣੀ ਦੀ ਸਚਮੁਚ ਗੰਭੀਰ ਚਿੰਤਾ ਹੈ।